# SOCIAL FACT (ਸਮਾਜਿਕ ਤੱਥ)

ਦੁਰਖੀਮ ਦੀ *ਸਮਾਜਿਕ ਤੱਥਾਂ* ਦੀ ਵਿਆਖਿਆ ਉਸਦੇ ਸਮਾਜ ਵਿਗਿਆਨ ਦੀ ਸਭ ਤੋਂ ਵੱਧ ਮਹੱਤਵਪੂਰਨ ਧਾਰਨਾ ਹੈ, ਇਸ ਵਿੱਚੋਂ ਉਸਦੀ ਕਾਰਜ-ਵਿਧੀ ਜਾਂ ਹੋਰ ਸਮਾਜਿਕ ਸਿਧਾਂਤਾਂ ਨੂੰ ਵੇਖਿਆ ਜਾ ਸਕਦਾ ਹੈ। ਦੁਰਖੀਮ ਅਨੁਸਾਰ ਹਰ ਹਾਲਤ ਵਿੱਚ *ਸਮਾਜਿਕ ਤੱਥਾਂ* ਦਾ ਸਮਾਜ ਵਿਗਿਆਨਕ ਤਰੀਕੇ ਨਾਲ ਅਧਿਐਨ ਕਰਨਾ ਸਮਾਜ-ਵਿਗਿਆਨ ਦਾ ਕੰਮ ਹੈ। ਦੁਰਖੀਮ ਦਾ ਵਿਚਾਰ ਹੈ ਕਿ ਸਮਾਜ-ਸ਼ਾਸਤਰ ਵਿਗਿਆਨਾਂ ਦੇ ਮਾਡਲ ਦੇ ਅਨੁਕੂਲ ਹੋਵੇ, ਜਿਸਦਾ ਵਿਸ਼ਾ *ਸਮਾਜਿਕ ਤੱਥ* ਹੋਣ। ਅਜਿਹੀ ਸੋਸ਼ਿਆਲੋਜੀ ਦੀਆਂ ਦੋ ਜਰੂਰਤਾਂ ਹੋ ਸਕਦੀਆ ਹਨ। ਪਹਿਲੀ ਗੱਲ ਤਾਂ ਸੋਸ਼ਿਆਲੋਜੀ ਦਾ ਵਿਸ਼ੇਸ਼ ਹੋਣਾ ਲਾਜ਼ਮੀ ਹੈ ਜੋ ਦੂਜੇ ਵਿਗਿਆਨਾਂ ਦੇ ਵਿਸ਼ਿਆਂ ਤੋਂ ਭਿੰਨ ਹੋਵੇ ਭਾਵ ਸਮਾਜ ਵਿਗਿਆਨ ਉਹਨਾਂ ਚੀਜ਼ਾਂ ਦਾ ਅਧਿਐਨ ਕਰੇ ਜਿਸਦਾ ਅਧਿਐਨ ਬਾਕੀ ਸਮਾਜਿਕ ਵਿਗਿਆਨ ਨਾ ਕਰਦੇ ਹੋਣ ਤਾਂ ਹੀ ਅਸੀਂ ਇਸਦਾ ਦੂਜੇ ਵਿਗਿਆਨਾਂ ਨਾਲੋਂ ਨਿਖੇੜ ਕਰ ਸਕਾਂਗੇ। ਸਮਾਜ ਦੀਆਂ ਆਰਥਿਕ ਸਮੱਸਿਆਵਾਂ ਦਾ ਅਧਿਐਨ ਕਰਨ ਲਈ ਅਰਥ-ਸ਼ਾਸ਼ਤਰ ਹੈ। ਧਾਰਮਿਕ ਸਮੱਸਿਆਵਾਂ ਧਰਮ ਵਿਗਿਆਨ ਅਤੇ ਰਾਜਨੀਤਿਕ ਸਮੱਸਿਆਵਾਂ ਰਾਜਨੀਤੀ ਸ਼ਾਸਤਰ ਹੱਲ ਕਰੇ। ਸਮਾਜ ਸ਼ਾਸਤਰ ਉਹਨਾਂ ਸਮੱਸਿਆਵਾਂ ਬਾਰੇ ਗੱਲ ਕਰੇ ਜਿਸ ਦੀ ਗੱਲ ਦੂਜੇ ਵਿਗਿਆਨ ਨਹੀਂ ਕਰਦੇ। ਦੂਸਰਾ, ਇਹ ਵਿਸ਼ਾ ਅਜਿਹਾ ਹੋਵੇ ਜਿਸ ਦਾ ਨਿਰੀਖਣ ਅਤੇ ਵਿਆਖਿਆ ਉਸੇ ਤਰ੍ਹਾਂ ਕੀਤੀ ਜਾ ਸਕੇ ਜਿਵੇਂ ਤੱਥਾਂ ਦਾ ਨਿਰੀਖਣ ਅਤੇ ਵਿਆਖਿਆ ਦੂਸਰੇ ਵਿਗਿਆਨਾਂ ਵਿੱਚ ਕੀਤੀ ਜਾਂਦੀ ਹੈ। ਇਸ ਸਾਰੀ ਗੱਲ ਤੋਂ ਇਹ ਸਿੱਟਾ ਨਿਕਲਦਾ ਹੈ ਕਿ *ਸਮਾਜਿਕ ਤੱਥਾਂ* ਨੂੰ ਵਸਤਾਂ ਮੰਨਿਆ ਜਾਵੇ ਅਤੇ ਦੂਸਰਾ ਇਹਨਾਂ *ਸਮਾਜਿਕ ਤੱਥਾਂ* ਦੀ ਇਹ ਵਿਸੇਸ਼ਤਾ ਹੁੰਦੀ ਹੈ ਕਿ ਇਹ ਵਿਅਕਤੀਆਂ ਉੱਪਰ ਦਬਾਅ ਦਾ ਕੰਮ ਵੀ ਕਰਦੇ ਹਨ। ਦੁਰਖੀਮ ਅਨੁਸਾਰ ਸਮਾਜਿਕ ਤੱਥ ਸਿਰਫ਼ ਆਰਥਿਕ ਸਚਾਈਆਂ ਦਾ ਵਰਨਣ ਹੀ ਨਹੀਂ, ਨਾ ਹੀ ਉਹ ਮਨੋ-ਵਿਗਿਆਨਿਕ ਸਚਾਈਆਂ ਦਾ ਵਰਨਣ ਹਨ, ਉਹਨਾਂ ਦੀ ਇੱਕ ਖਾਸ਼ ਵਿਸ਼ੇਸਤਾ ਹੈ ਜਿਸਦਾ ਵਿਅਕਤੀਗਤ ਸ਼ਖਸ਼ੀਅਤਾਂ ਦੇ ਅਧਿਐਨ ਦੁਆਰਾ ਵਿਸਲੇਸ਼ਣ ਜਰੂਰ ਕੀਤਾ ਜਾਣਾ ਚਾਹੀਦਾ ਹੈ।

ਦੁਰਖੀਮ ਦਾ ਮੱਤ ਸੀ ਕਿ ਅਸੀਂ 'ਜਾਨਣਾ' ਸ਼ਬਦ ਤੋਂ ਵਿਗਿਆਨਕ ਮਤਲਬ ਬਾਰੇ ਬੇਲਾਗ ਹਾਂ। ਸਾਨੂੰ ਪਤਾ ਨਹੀਂ ਕਿ ਜਿਸ ਸਮਾਜਿਕ ਵਰਤਾਰੇ ਵਿੱਚ ਅਸੀਂ ਰਹਿੰਦੇ ਹਾਂ ਉਹ ਕੀ ਹੈ। ਸਾਨੂੰ ਰਾਜ, ਪ੍ਰਭੁਸੱਤਾ, ਰਾਜਨੀਤਕ ਆਜ਼ਾਦੀ, ਲੋਕਤੰਤਰ, ਸਮਾਜਵਾਦ ਆਦਿ ਬਾਰੇ ਕੁੱਝ ਨਹੀਂ ਪਤਾ। ਇਸਦਾ ਮਤਲਬ ਇਹ ਨਹੀਂ ਕਿ ਇਹਨਾਂ ਬਾਰੇ ਕੁੱਝ ਨਹੀਂ ਜਾਣਦੇ। ਜਾਣਦੇ ਹਾਂ ਪਰ ਬਹੁਤ ਅਸਪਸ਼ਟ ਅਤੇ ਘੱਟ।ਅਸੀਂ *ਸਮਾਜਿਕ ਤੱਥਾਂ* ਨੂੰ ਵਸਤਾਂ ਮੰਨ ਕੇ ਆਪਣੇ ਆਪ ਨੂੰ ਪ੍ਰੀ-ਧਾਰਨਾਵਾਂ ਅਤੇ ਤਰਫ਼ਦਾਰੀਆਂ ਤੋਂ ਬਚਾ ਸਕਦੇ ਹਾਂ ਜੋ *ਸਮਾਜਿਕ ਤੱਥਾਂ* ਨੂੰ ਵਿਗਿਆਨਿਕ ਢੰਗ ਨਾਲ ਸੋਚਣ ਦੇ ਰਾਹ ਵਿੱਚ ਰੁਕਾਵਟ ਹਨ। ਸਾਨੂੰ *ਸਮਾਜਿਕ ਤੱਥਾਂ* ਦਾ ਬਾਹਰੋਂ ਨਿਰੀਖਣ ਕਰਨਾ ਚਾਹੀਦਾ ਹੈ ਜਿਵੇਂ ਅਸੀਂ ਕੁਦਰਤੀ ਤੱਥਾਂ ਦਾ ਕਰਦੇ ਹਾਂ। ਉਸਦਾ ਮੱਤ ਸੀ ਕਿ ਸਮਾਜਿਕ ਵਰਤਾਰੇ ਨੂੰ ਸਿਰਫ਼ ਵਾਸਤਵਿਕ ਅਤੇ ਵਿਗਿਆਨਕ ਖੋਜ ਰਾਹੀਂ ਹੀ ਸਮਝਿਆ ਜਾ ਸਕਦਾ ਹੈ, ਨਾਂ ਕਿ ਉਹਨਾਂ ਦੇ ਰੱਖੇ ਗਏ ਨਾਵਾਂ ਦੇ ਮਤਲਬ ਕੱਢਕੇ।

ਦੁਰਖੀਮ ਨੇ ਦੱਸਿਆ ਹੈ ਕਿ *ਸਮਾਜਿਕ ਤੱਥ*, ਸਮਾਜਿਕ ਕ੍ਰਿਆ, ਵਿਚਾਰ ਅਤੇ ਅਨੁਭਵੀ ਦਾ ਵਿਹਾਰਕ ਪੱਖ ਹੈ। ਇਹ ਮਨੁੱਖ ਦੀ ਸਮੂਹਿਕ ਚੇਤਨਾ ਨਾਲ ਸਬੰਧਤ ਹੈ। ਇਸ ਸਿਧਾਂਤਕ ਸਥਾਪਨਾ ਦੇ ਆਧਾਰ ਤੇ ਦੁਰਖੀਮ ਨੇ ਇਹ ਦੱਸਿਆ ਹੈ ਕਿ *ਸਮਾਜਿਕ ਤੱਥਾਂ* ਉਪਰ ਕੋਈ ਵੀ ਪ੍ਰਯੋਗ ਵਸਤੂ ਦੇ ਰੂਪ ਵਿੱਚ ਕੀਤਾ ਜਾਣਾ ਚਾਹੀਦਾ ਹੈ।ਦੁਰਖੀਮ ਅਨੁਸਾਰ *ਸਮਾਜਿਕ ਤੱਥ* ਵਿੱਚ ਵਸਤੂ ਦੇ ਸਮਾਨ ਸੂਰਤ ਵਾਸਤਵਿਕਤਾ ਹੁੰਦੀ ਹੈ। ਇਹ ਸਮਾਜਿਕ ਵਿਹਾਰ ਦੇ ਮੂਲ ਤੱਤ ਹਨ।

**ਪਰਿਭਾਸ਼ਾ:- ਦੁਰਖੀਮ ਦੇ ਅਨੁਸਾਰ:-**

ਇਹ ਕਾਰਜ ਕਰਨ, ਸੋਚਣ ਅਤੇ ਮਹਿਸੂਸ ਕਰਨ ਦੇ ਉਹ ਤਰੀਕੇ ਹਨ ਜਿਹਨਾਂ ਵਿੱਚ ਨਿੱਜੀ **"**ਚੇਤਨਾ ਤੋਂ ਬਾਹਰ ਹੋਂਦ ਨੂੰ ਕਾਇਮ ਰੱਖਣ ਦਾ ਵਿਸ਼ੇਸ਼ ਗੁਣ ਹੈ।**"**

ਅੱਗੇ ਜਾ ਕੇ ਦੁਰਖੀਮ *ਸਮਾਜਿਕ ਤੱਥਾਂ* ਦੇ ਅਰਥ ਵਧੇਰੇ ਸਪੱਸ਼ਟ ਕਰਦੇ ਹਨ। ਉਹ ਲਿਖਦੇ ਹਨ ਇੱਕ ਸਮਾਜਿਕ ਤੱਥ ਕਾਰਜ ਕਰਨ ਦਾ ਉਹ ਤਰੀਕਾ ਹੈ, ਜੋ ਭਾਵੇਂ ਨਿਸਚਿਤ ਹੋਵੇ ਜਾਂ ਨਾ ਪਰ ਵਿਅਕਤੀ ਉਪਰ ਬਾਹਰੀ ਦਬਾਓ ਪਾਉਣ ਦੀ ਸ਼ਕਤੀ ਰੱਖਦਾ ਹੋਵੇ, ਜਾਂ ਫਿਰ ਇਹ ਕਾਰਜ ਕਰਨ ਦਾ ਹਰੇਕ ਉਹ ਤਰੀਕਾ ਹੈ ਜੋ

ਇੱਕ ਸਮਾਜ ਵਿੱਚ ਆਮ ਹੋਵੇ ਅਤੇ ਨਾਲ ਹੀ ਨਿੱਜੀ ਪ੍ਰਗਟਾਵਿਆਂ ਤੋਂ ਸੁਤੰਤਰ ਹੋਂਦ ਰੱਖਦਾ ਹੋਵੇ।"

**ਵਿਸ਼ੇਸ਼ਤਾਵਾਂ**:- *ਸਮਾਜਿਕ ਤੱਥਾਂ* ਦੀਆਂ ਕੁੱਝ ਕੁ ਵਿਸ਼ੇਸ਼ਤਾਵਾਂ ਹਨ ਜਿੰਨ੍ਹਾਂ ਦਾ ਵਰਨਣ ਹੇਠਾਂ ਕੀਤਾ ਗਿਆ ਹੈ।

1. **ਬਾਹਰਤਾ (Exteriority):**

*ਸਮਾਜਿਕ ਤੱਥਾਂ* ਦੀ ਹੋਂਦ ਵਿਅਕਤੀ ਉਪਰ ਨਿਰਭਰ ਨਹੀਂ ਹੁੰਦੀ, ਸਗੋਂ ਸਮਾਜਿਕ ਤੱਥ ਵਿਅਕਤੀ ਦੀ ਹੋਂਦ ਤੋਂ ਸੁਤੰਤਰ ਸਮਾਜਿਕ ਪੱਧਰ ਉੱਪਰ ਆਪਣੀ ਸੱਤਾ ਰੱਖਦੇ ਹਨ। ਅਨੇਕਾਂ *ਸਮਾਜਿਕ ਤੱਥਾਂ*, ਜਿਵੇਂ ਭਾਸ਼ਾ, ਮੁਦਰਾ ਪ੍ਰਣਾਲੀ, ਪੇਸ਼ੇਵਰ ਨਿਯਮਾਂ ਆਦਿ ਦੀਆਂ ਉਦਾਹਰਣਾਂ ਦਿੰਦੇ ਹੋਏ ਦੁਰਖੀਮ ਨੇ ਦਾਅਵੇ ਨਾਲ ਕਿਹਾ ਹੈ ਕਿ ਤੱਥ ਇੱਥੇ ਕਾਰਜ ਕਰਨ, ਸੋਚਣ ਤੇ ਮਹਿਸੂਸ ਕਰਨ ਦੇ ਤਰੀਕੇ ਹਨ, ਜਿਹਨਾਂ ਵਿੱਚ ਨਿੱਜੀ ਚੇਤਨਾ ਤੋਂ ਬਾਹਰ ਵੀ ਆਪਣੀ ਹੋਂਦ ਨੂੰ ਬਣਾਈ ਰੱਖਣ ਦੀ ਖਾਸ ਵਿਸੇਸ਼ਤਾ ਹੈ।

ਭਾਵੇਂ ਅੰਤ ਵਿੱਚ, ਵਿਅਕਤੀ ਬਹੁਤ ਸਾਰੇ *ਸਮਾਜਿਕ ਤੱਥਾਂ* ਦਾ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਅੰਤਰੀਵੀਕਰਨ ਕਰ ਲੈਂਦਾ ਹੈ, ਭਾਵ ਇਹਨਾਂ ਨੂੰ ਆਪਣੀ ਸ਼ਖ਼ਸ਼ੀਅਤ ਦਾ ਭਾਗ ਬਣਾ ਲੈਂਦਾ ਹੈ, ਫਿਰ ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਉਸਦੇ ਆਪਣੇ ਹੀ ਨਿਯਮ ਹਨ, ਉਸ ਉਪਰ ਉਸਦੀ ਮਰਜ਼ੀ ਵਿਰੁੱਧ ਕਿਸੇ ਦੁਆਰਾ ਠੋਸੇ ਨਹੀਂ ਗਏ ਪਰ ਮੁੱਢ ਵਿੱਚ ਹਰੇਕ ਵਿਅਕਤੀ *ਸਮਾਜਿਕ ਤੱਥਾਂ* ਦਾ ਇੱਕ ਬਾਹਰੀ ਵਾਸਤਵਿਕਤਾ ਦੇ ਰੂਪ ਵਿੱਚ ਸਾਹਮਣਾ ਕਰਦਾ ਹੈ। ਹਰੇਕ ਵਿਅਕਤੀ ਦੀ ਨਵੀਂ ਵਿਸੇਸ਼ ਸਮਾਜਿਕ ਸਥਿਤੀ ਵਿੱਚ ਹੋ ਸਕਦਾ ਹੈ ਕਿ ਇੱਕ ਸੰਗਠਨ ਵਿਸ਼ੇਸ਼ ਦੇ ਨਵੇਂ ਮੈਂਬਰ ਦੇ ਤੌਰ ਤੇ ਇਹ ਅਨੁਭਵ ਕੀਤਾ ਹੁੰਦਾ ਹੈ ਕਿ ਇਸ ਸੰਗਠਨ ਦੇ ਪਹਿਲੇ ਮੈਂਬਰ ਕੁੱਝ ਅਜਿਹੇ ਪ੍ਰਤੀਮਾਨਾਂ ਜਾਂ ਰਿਵਾਜਾਂ ਦੀ ਪਾਲਣਾ ਕਰ ਰਹੇ ਹਨ ਜੋ ਵਿਅਕਤੀ ਵਿਸ਼ੇਸ਼ ਲਈ ਨਵੇਂ ਹਨ ਤੇ ਉਹਨਾਂ ਬਾਰੇ ਉਸਨੂੰ ਕੋਈ ਜਾਣਕਾਰੀ ਨਹੀਂ ਅਤੇ ਨਾ ਹੀ ਉਹ ਉਹਨਾਂ ਦੀ ਉਚਿੱਤਤਾ ਨੂੰ ਸਮਝ ਸਕਦਾ ਹੈ। ਅਜਿਹੀ ਸਥਿਤੀ ਵਿੱਚ ਸਪੱਸਟ ਤੌਰ ਤੇ ਰਿਵਾਜਾਂ ਜਾਂ ਪ੍ਰਤੀਮਾਨਾਂ ਦੀ ਹੋਂਦ ਵਿਅਕਤੀ ਦੇ ਵਜੂਦ ਤੋਂ ਬਾਹਰ ਹੀ ਮੰਨੀ ਜਾ ਸਕਦੀ ਹੈ। ਸੰਖੇਪ ਵਿੱਚ ਬਾਹਰਤਾ ਦਾ ਅਰਥ ਹੈ ਕਿ *ਸਮਾਜਿਕ ਤੱਥ* ਵਿਅਕਤੀ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਵਿਅਕਤੀ ਜਨਮ ਲੈਣ ਸਮੇਂ

ਕਈ ਬਣੇ ਬਣਾਏ ਜਾਂ ਰੈਡੀਮੇਡ ਵਿਸ਼ਵਾਸ਼, ਪ੍ਰਥਾਵਾਂ, ਨੈਤਿਕ ਆਦਰਸ਼, ਕਰਤੱਵ ਉਸਦਾ ਇੰਤਜਾਰ ਕਰ ਰਹੇ ਹੁੰਦੇ ਹਨ।

**2. ਦਬਾਅ ਜਾਂ ਬੰਧਨ (Constraint):**

ਦੂਰਖੀਮ ਦਾ ਕਥਨ ਬੰਧਨ ਜਾਂ ਦਬਾਓ ਦੀ ਸ਼ਕਤੀ ਤੋਂ ਹੀ ਪਛਾਣਿਆ ਜਾਂਦਾ ਹੈ ਜੋ ਉਹ ਵਿਅਕਤੀਆਂ ਉਪਰ ਪ੍ਰਯੋਗ ਕਰਨ ਦੀ ਸਮਰੱਥਾ ਰੱਖਦਾ ਹੈ।

*ਸਮਾਜਿਕ ਤੱਥਾਂ* ਵਿੱਚ ਅਜਿਹੀ ਸ਼ਕਤੀ ਨਿਹਿਤ ਹੁੰਦੀ ਹੈ ਜੋ ਵਿਅਕਤੀ ਨੂੰ ਬਲਪੂਰਵਕ ਮਜਬੂਰ ਕਰਦੀ ਹੈ ਜਾਂ ਉਸ ਉਪਰ ਦਬਾਉ ਪਾਉਂਦੀ ਹੈ ਕਿ ਉਸਦੀ ਮਰਜ਼ੀ ਹੋਵੇ ਜਾਂ ਨਾ ਹੋਵੇ, ਉਹ ਵਿਸ਼ੇਸ਼ ਤਰ੍ਹਾਂ ਵਿਹਾਰ ਕਰੇ। ਇਸ ਤਰ੍ਹਾਂ ਵਿਅਕਤੀ ਨੂੰ ਆਪਣੇ ਨਿਯੰਤਰਣ ਵਿੱਚ ਰੱਖਦੀ ਹੈ। ਦੁਰਖੀਮ ਨੇ *ਸਮਾਜਿਕ ਤੱਥਾਂ* ਦੀ ਇਸ ਦਬਾਓ ਪਾਉਣ ਵਾਲੀ ਵਿਸ਼ੇਸ਼ਤਾ ਨੂੰ ਸਮਝਾਉਣ ਲਈ ਨੈਤਿਕ ਧਰਮਾਂ, ਨਿਯਮਾਂ, ਧਾਰਮਿਕ ਵਿਸ਼ਵਾਸ਼ਾਂ ਆਦਿ *ਸਮਾਜਿਕ ਤੱਥਾਂ* ਦੀ ਉਦਾਹਰਣ ਦੇ ਕੇ ਸਪੱਸ਼ਟ ਕੀਤਾ ਹੈ ਕਿ ਇਹ ਸਭ ਵਿਅਕਤੀ ਦੇ ਵਿਹਾਰਾਂ ਅਤੇ ਢੰਗਾਂ ਨੂੰ ਬਹੁਤ ਹੀ ਪ੍ਰਭਾਵਿਤ ਕਰਦੇ ਹਨ। ਦੁਰਖੀਮ ਦਾ ਕਥਨ ਹੈ ਕਿ ਇਸ ਤਰ੍ਹਾਂ ਦੇ ਆਚਰਣ ਜਾਂ ਵਿਚਾਰ ਦਬਾਓ ਸ਼ਕਤੀ ਨਾਲ ਸੰਪੰਨ ਹੁੰਦੇ ਹਨ, ਜਿਸ ਗੁਣ ਕਰਕੇ ਵਿਅਕਤੀ ਦੀ ਮਰਜ਼ੀ ਤੋਂ ਬਿਨ੍ਹਾਂ ਆਪਣੇ ਆਪ ਨੂੰ ਉਸ ਉੱਪਰ ਠੋਸ ਦਿੰਦੇ ਹਨ। ਦੁਰਖੀਮ ਅਨੁਸਾਰ ਇਹ ਜਰੂਰੀ ਨਹੀਂ ਕਿ ਵਿਅਕਤੀ ਹਮੇਸ਼ਾਂ ਹੀ ਇਹ ਅਨੁਭਵ ਕਰੇ ਕਿ ਸਮਾਜਿਕ ਤੱਥ ਉਸ ਉੱਪਰ ਦਬਾਅ ਪਾ ਕੇ ਵਿਸ਼ੇਸ਼ ਤਰ੍ਹਾਂ ਦਾ ਵਿਹਾਰ ਕਰਨ ਲਈ ਮਜ਼ਬੂਰ ਕਰਦੇ ਹਨ। ਉਸ ਉਪਰ ਪਾਬੰਦੀਆਂ ਲਗਾਉਂਦੇ ਹਨ ਅਤੇ ਉਸਦੀ ਮਰਜ਼ੀ ਹੋਵੇ ਜਾਂ ਨਾ ਹੋਵੇ, ਆਪਣੇ ਆਪ ਉਸ ਉੱਪਰ ਠੋਸਦੇ ਹਨ। ਉਸਦਾ ਕਥਨ ਹੈ ਕਿ ਜੇਕਰ ਸਮਾਜੀਕਰਨ ਹੀ ਪ੍ਰੀਕ੍ਰਿਆ ਪੂਰਨ ਕਾਮਯਾਬ ਹੈ ਤਾਂ ਵਿਅਕਤੀ ਨੇ ਉਚਿਤ *ਸਮਾਜਿਕ ਤੱਥਾਂ* ਦਾ ਇੰਨਾਂ ਚੰਗੀ ਤਰ੍ਹਾਂ ਅੰਤਰੀਕਰਨ ਕਰ ਲਿਆ ਹੁੰਦਾ ਹੈ, ਉਹਨਾਂ ਨੂੰ ਸਿੱਖ ਕੇ ਆਪਣੀ ਸਖਸ਼ੀਅਤ ਦਾ ਇੰਝ ਹਿੱਸਾ ਬਣਾ ਲਿਆ ਹੁੰਦਾ ਹੈ ਕਿ ਉਹਨਾਂ (ਸਮਾਜਿਕ ਤੱਥਾਂ) ਦੇ ਆਦੇਸ਼ ਵਿਅਕਤੀ ਨੂੰ ਸੁਭਾਵਿਕ ਹੀ ਪ੍ਰਤੀਤ ਹੁੰਦੇ ਹਨ। ਵਿਅਕਤੀ ਉਹਨਾਂ ਦੇ ਅਨੁਰੂਪ ਇਸ ਤਰ੍ਹਾਂ ਦਾ ਵਿਵਹਾਰ ਕਰਦੇ ਹਨ ਜਿਵੇਂ ਕਿ ਉਹ ਅਜਿਹਾ ਆਪਣੀ ਮਰਜ਼ੀ ਨਾਲ ਕਰਦੇ ਹੋਣ।

ਬਿਨਾਂ ਸ਼ੱਕ ਵਿਅਕਤੀ ਦਾ ਸਮਾਜੀਕਰਨ ਕਦੇ ਵੀ ਇੰਨੀ ਚੰਗੀ ਤਰ੍ਹਾਂ ਨਹੀਂ ਹੁੰਦਾ ਕਿ ਵਿਅਕਤੀ ਵਿਸ਼ੇਸ਼ ਦਾ ਮਰਜ਼ੀ ਅਤੇ *ਸਮਾਜਿਕ ਤੱਥਾਂ* ਵਿਚਕਾਰ ਤਨਾਉ

ਉਤਪੰਨ ਨਾ ਹੋਵੇ, ਤਾਂ ਵੀ ਜੇਕਰ ਵਿਅਕਤੀ ਉੱਚਿਤ *ਸਮਾਜਿਕ ਤੱਥਾਂ* ਦੇ ਆਦੇਸ਼ ਅਨੁਸਾਰ ਵਿਹਾਰ ਕਰਨ ਦੀ ਵਿਰੋਧਤਾ ਕਰੇ, ਜਿਸ ਨਾਲ *ਸਮਾਜਿਕ ਤੱਥਾਂ* ਦੀ ਗੰਭੀਰ ਉਲੰਘਣਾ ਹੁੰਦੀ ਹੋਵੇ, ਤਾਂ *ਸਮਾਜਿਕ ਤੱਥਾਂ* ਦਾ ਦਬਾਅ ਜਾਂ ਜਬਰੀ ਸ਼ਕਤੀ ਦੀ ਤਰ੍ਹਾਂ, ਸਪਸ਼ਟ ਰੂਪ ਵਿੱਚ ਆ ਜਾਂਦੀ ਹੈ, ਗੈਰ ਰਸਮੀ ਢੰਗ ਜਿਵੇਂ ਆਮ ਜਨਤਾ ਦੁਆਰਾ ਉਸ ਵਿਹਾਰ ਦੀ ਨਿੰਦਾ ਕੀਤੀ ਜਾਂਦੀ ਹੈ ਜਾਂ ਰਸਮੀ ਤੌਰ ਤੇ ਜਿਵੇਂ ਵਿਅਕਤੀ ਨੂੰ ਜਾਤ ਬਰਾਦਰੀ ਵਿੱਚੋਂ ਛੇਕ ਦਿੱਤਾ ਜਾਂਦਾ ਹੈ ਜਾਂ ਕਾਨੂੰਨੀ ਕਾਰਵਾਈ ਕਰਦੇ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਇਹ ਦਬਾਉ ਅਪ੍ਰਤੱਖ ਹੁੰਦਿਆਂ ਹੋਇਆਂ ਵੀ ਪ੍ਰਭਾਵਸ਼ਾਲੀ ਹੁੰਦਾ ਹੈ। ਦੁਰਖੀਮ ਅਨੁਸਾਰ *ਸਮਾਜਿਕ ਤੱਥਾਂ* ਵਿੱਚ ਸਮੂਹਿਕ ਚੇਤਨਾ ਹੁੰਦੀ ਹੈ। ਇਸ ਤਰ੍ਹਾਂ, ਸਮੂਹਿਕ ਚੇਤਨਾ ਸਮੂਹਿਕ ਤੌਰ ਤੇ ਉਸ ਦਬਾਅ ਸ਼ਕਤੀ ਨਾਲ ਭਰਪੂਰ ਹੁੰਦੀ ਹੈ, ਜੋ ਵਿਅਕਤੀ ਵਿਸ਼ੇਸ਼ ਦੀ ਆਪਣੀ ਮਰਜ਼ੀ, ਵਿਚਾਰ ਜਾਂ ਇੱਛਾਂ ਨੂੰ ਸਮੂਹਿਕ ਚੇਤਨਾ ਜਾਂ ਵਿਚਾਰਾਂ ਜਾਂ ਇੱਛਾ ਸਾਹਮਣੇ ਝੁਕਣ ਲਈ ਮਜ਼ਬੂਰ ਕਰਦੀ ਹੈ।

### 3. ਵਿਆਪਕਤਾ (Generality)

*ਸਮਾਜਿਕ ਤੱਥ* ਕਿਸੇ ਸਮਾਜ ਵਿਸ਼ੇਸ਼ ਵਿੱਚ ਵਿਆਪਕ ਹੁੰਦੇ ਹਨ ਤੇ ਉਸ ਸਮਾਜ ਦੇ ਲੋਕ ਆਮ ਤੌਰ ਤੇ ਉਨ੍ਹਾਂ *ਸਮਾਜਿਕ ਤੱਥਾਂ* ਨੂੰ ਮੰਨਦੇ ਹਨ। ਦੁਰਖੀਮ ਦਾ ਇਸ ਬਾਰੇ ਮੱਤ ਸੀ ਕਿ ਤੱਥ ਸਮਾਜਿਕ ਇਸ ਲਈ ਨਹੀਂ ਹੁੰਦੇ ਕਿ ਉਹ ਵਿਆਪਕ ਹਨ ਸਗੋਂ ਉਹ ਵਿਆਪਕ ਇਸ ਲਈ ਹੁੰਦੇ ਹਨ ਕਿ ਉਹ ਸਮਾਜਿਕ ਜਾਂ ਸਮੂਹਿਕ ਹੁੰਦੇ ਹਨ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ *ਸਮਾਜਿਕ ਤੱਥਾਂ* ਦਾ ਸਰਵ-ਵਿਆਪੀ ਹੋਣਾ ਜਰੂਰੀ ਲੱਛਣ ਹੈ ਜਿਵੇਂ ਦੁਰਖੀਮ ਕਬੀਲੇ ਦੇ ਧਰਮ ਬਾਰੇ ਟੋਟਮ (ਧਾਰਮਿਕ ਚਿੰਨ੍ਹ) ਦੇ ਸੰਦਰਭ ਵਿੱਚ ਦੱਸਦਾ ਹੈ। ਟੋਟਮ ਕਿਸੇ ਇੱਕ ਵਿਅਕਤੀ ਦਾ ਨਹੀਂ ਸਗੋਂ ਪੂਰੇ ਸਮੂਹ ਦਾ ਹੈ। ਉਹ ਸਾਰੇ ਸਮੂਹਿਕ ਰੂਪ ਵਿੱਚ ਇਕੱਠੇ ਹੋ ਕੇ ਧਾਰਮਿਕ ਰਸਮਾਂ ਕਰਦੇ ਹਨ।

ਸਮਾਜਿਕ ਤੱਥ ਸਾਂਝੇ ਹੁੰਦੇ ਹਨ। ਇਹ ਨਿੱਜੀ ਵਿਸ਼ੇ ਨਾਲ ਸੰਬੰਧਿਤ ਨਹੀਂ ਹੁੰਦੇ।

### 4. ਨਿੱਜੀ ਪ੍ਰਗਟਾਵਿਆਂ ਤੋਂ ਸੁਤੰਤਰ:-

*ਸਮਾਜਿਕ ਤੱਥਾਂ* ਦਾ ਮੂਲ ਸੋਮਾ ਸਮਾਜ ਦੇ ਵਿਅਕਤੀ ਹੁੰਦੇ ਹਨ। ਦੁਰਖੀਮ ਕਹਿੰਦਾ ਹੈ ਕਿ ਹਰੇਕ ਵਿਅਕਤੀ ਦੀ ਆਪਣੀ ਨਿੱਜੀ ਚੇਤਨਾ ਹੁੰਦੀ ਹੈ। ਹਰੇਕ ਵਿਅਕਤੀ ਨੂੰ ਆਪਣੀਆਂ ਲੋੜਾਂ ਪੂਰਾ ਕਰਨ ਲਈ ਦੂਜੇ ਵਿਅਕਤੀਆਂ ਨਾਲ ਕੰਮ ਕਰਨਾ ਅਤੇ ਸਹਿਯੋਗ ਕਰਨਾ ਪੈਂਦਾ ਹੈ। ਅਜਿਹਾ ਕਰਨ ਲੱਗਿਆਂ ਹਰੇਕ ਵਿਅਕਤੀ ਦੀ ਚੇਤਨਤਾ ਦੂਜੇ ਵਿਅਕਤੀਆਂ ਦੀ ਚੇਤਨਤਾ ਨੂੰ ਪ੍ਰਭਾਵਿਤ ਕਰਦੀ ਹੈ। ਇਹਨਾਂ ਸਮਾਜਿਕ ਅੰਤਰ-ਕਿਰਿਆਵਾਂ ਦੌਰਾਨ ਜਾਂ ਨਿੱਜੀ ਚੇਤਨਤਾਵਾਂ ਦੇ ਪਰਸਪਰ ਪ੍ਰਭਾਵਾਂ ਦੇ ਫਲਸਰੂਪ ਨਿੱਜੀ ਚੇਤਨਤਾਵਾਂ ਦਾ ਸੰਮਿਲਨ ਤੇ ਸੰਗਠਨ ਹੁੰਦਾ ਹੈ ਅਤੇ ਇਸ ਤਰ੍ਹਾਂ ਨਿੱਜੀ ਚੇਤਨਤਾ ਘੁਲ-ਮਿਲ ਕੇ ਸਮੂਹਿਕ ਚੇਤਨਤਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਦੂਜੇ ਸ਼ਬਦਾਂ ਵਿੱਚ ਜਦੋਂ ਨਿੱਜੀ ਚੇਤਨਤਾਵਾਂ ਦਾ ਪੂਰਨ ਸੰਮਿਲਨ ਤੇ ਸੰਗਠਨ ਹੋ ਕੇ ਸਮੂਹਿਕ ਚੇਤਨਤਾ ਬਣ ਜਾਂਦੀ ਹੈ ਤਾਂ ਇਸਦਾ ਉਹ ਰੂਪ ਨਹੀਂ ਰਹਿੰਦਾ ਜੋ ਨਿੱਜੀ ਚੇਤਨਤਾ ਦਾ ਨਹੀਂ ਹੁੰਦਾ। ਦੁਰਖੀਮ ਕਹਿੰਦਾ ਹੈ ਕਿ ਸਮੂਹਿਕ ਚੇਤਨਤਾ ਮਾਨਸਿਕ ਜੀਵਨ ਦਾ ਸਰਵ-ਉਤਮ ਰੂਪ ਹੈ, ਕਿਉਂਕਿ ਇਹ ਚੇਤਨਤਾ ਦੀ ਵੀ ਚੇਤਨਤਾ ਹੈ। ਵਿਅਕਤੀ ਤੋਂ ਬਾਹਰ ਅਤੇ ਉਸ ਤੋਂ ਉੱਪਰ ਹੋਣ ਦੇ ਕਾਰਨ ਇਹ ਵਸਤਾਂ ਦੇ ਸਥਾਈ ਅਤੇ ਮੌਲਿਕ ਪੱਖਾਂ ਦੇ ਕਾਰਨ ਇਹ ਵਸਤਾਂ ਦੇ ਸਥਾਈ ਅਤੇ ਮੌਲਿਕ ਪੱਖਾਂ ਨੂੰ ਵੇਖਦੀ ਹੈ, ਜਿਹਨਾਂ ਨੂੰ ਇਹ ਸੰਚਾਰ ਯੋਗ ਵਿਚਾਰਾਂ ਵਿੱਚ ਪ੍ਰਗਟ ਕਰਦਾ ਹੈ।

**5. ਆਪਣੇ ਆਪ ਪੈਦਾ ਹੁੰਦੇ ਹਨ:-**

*ਸਮਾਜਿਕ ਤੱਥਾਂ* ਦੀ ਇੱਥ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਆਪ ਪੈਦਾ ਹੁੰਦੇ ਹਨ। ਸਮੇਂ ਦੇ ਨਾਲ ਬਦਲਦੇ ਹਨ ਤੇ ਨਵੇਂ ਤੱਥ ਪੈਦਾ ਹੁੰਦੇ ਹਨ।